**ਪੰਜਾਬ ਸਕੂਲ ਸਿੱਖਿਆ ਬੋਰਡ**
ਸਾਹਿਬਜਾਦਾ ਅਜੀਤ ਸਿੰਘ ਨਗਰ-160062
(ਕਾਰਜ ਸੰਚਾਲਨ ਸ਼ਾਖਾ )

ਨੰ:ਪਸਸਬ-ਕਸ-2024/ 1976
ਮਿਤੀ: 21.3.2024

ਵੱਲ

ਸਮੂਹ ਪ੍ਰਿੰਸੀਪਲ, ਮੁੱਖ ਅਧਿਆਪਕ/ਮੁੱਖ ਅਧਿਆਪਕਾ,
ਪੰਜਾਬ ਰਾਜ।

ਵਿਸ਼ਾ:- ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀ ਸਾਲਾਨਾ ਪ੍ਰਯੋਗੀ ਪਰੀਖਿਆ 2024 ਪੂਰੇ ਵਿਸ਼ਿਆਂ (ਸਮੇਤ ਓਪਨ ਸਕੂਲ) ਅਧੀਨ, ਕੰਪਾਰਟਮੈਂਟ/ਰੀ-ਅਪੀਅਰ, ਵਾਧੂ ਵਿਸ਼ਾ ਅਤੇ ਦਰਜਾ/ਕਾਰਗੁਜਾਰੀ ਵਧਾਉਣ ਵਾਲੇ ਪਰੀਖਿਆਰਥੀਆਂ ਲਈ ਪਰੀਖਿਆ ਦੇ ਸੰਚਾਲਨ ਸਬੰਧੀ।

---

ਉਪਰੋਕਤ ਵਿਸ਼ੇ ਅਧੀਨ ਪੱਤਰ ਨੰ: ਪਸਸਬ-ਕਸ-2024/ 1970-72 ਮਿਤੀ: 04-03-2024 ਰਾਹੀਂ ਜਾਰੀ ਪੱਤਰ ਦੀ ਲਗਾਤਾਰਤਾ ਵਿੱਚ ਪਰੀਖਿਆ ਦੇ ਸੰਚਾਲਨ ਸਬੰਧੀ ਹੇਠ ਲਿਖਿਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ:-

1) ਸਬੰਧਤ ਸਕੂਲ ਮੁੱਖੀਆਂ ਵੱਲੋਂ ਲੈਬ ਦੀ ਸਮਰੱਥਾ/ ਸੁਵਿਧਾ ਅਨੁਸਾਰ ਪਰੀਖਿਆਰਥੀਆਂ ਗਰੁਪ ਦੇ ਬਣਾਕੇ ਪ੍ਰਯੋਗੀ ਪਰੀਖਿਆ ਕਰਵਾਈ ਜਾਵੇਗੀ।
2) ਸਕੂਲ ਮੁੱਖੀਆਂ ਦੇ ਰਜਿਸਟਰਡ ਮੋਬਾਇਲ ਨੰਬਰਾਂ ਤੇ ਐਸ.ਐਮ.ਐਸ ਅਤੇ ਈ-ਮੇਲ ਰਾਹੀਂ ਆਨ ਲਾਈਨ ਪ੍ਰਸ਼ਨ ਪੱਤਰ ਦਾ ਲਿੰਕ ਭੇਜਿਆ ਜਾਵੇਗਾ।
3) ਪ੍ਰਯੋਗੀ ਪਰੀਖਿਆ ਆਨ ਲਾਈਨ ਵਿਧੀ ਰਾਹੀਂ ਪ੍ਰਸ਼ਨ ਪੱਤਰ ਭੇਜਕੇ ਕਰਵਾਈ ਜਾਣੀ ਹੈ। ਇਸ ਪਰੀਖਿਆ ਲਈ ਪਰੀਖਿਅਕ ਦੀਆਂ ਹਦਾਇਤਾਂ ਆਨ ਲਾਈਨ ਪ੍ਰਸ਼ਨ ਪੱਤਰ ਪੋਰਟਲ ਤੇ ਅਪਲੋਡ ਕੀਤੀਆਂ ਜਾਣਗੀਆਂ। ਸਮੂਹ ਸਕੂਲ ਮੁੱਖੀ ਗਰੁਪ ਵਾਈਜ/ ਵਿਸ਼ੇ ਵਾਈਜ਼ ਇਹ ਹਦਾਇਤਾਂ ਪਰੀਖਿਅਕ ਨੂੰ ਪਰੀਖਿਆ ਵਾਲੇ ਦਿਨ ਪਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਮੁਹੱਈਆ ਕਰਵਾਉਣਾ ਯਕੀਨੀ ਬਣਾਉਗੇ।
4) ਪ੍ਰਸ਼ਨ ਪੱਤਰ ਆਨ ਲਾਈਨ ਪ੍ਰਸ਼ਨ ਪੱਤਰ ਪੋਰਟ ਰਾਹੀਂ ਸਵੇਰੇ ਦੇ ਸੈਸ਼ਨ ਵਿੱਚ 09:00 ਤੋਂ 10:00 ਵਜੇ ਤੱਕ ਅਤੇ ਸ਼ਾਮ ਦੇ ਸੈਸ਼ਨ ਵਿੱਚ 01:00 ਤੋਂ 2:00 ਵਜੇ ਤੱਕ ਡਾਊਨਲੋਡ ਕੀਤਾ ਜਾ ਸਕੇਗਾ। ਇਸ ਉਪਰੰਤ ਪ੍ਰਸ਼ਨ ਪੱਤਰ ਡਾਊਨਲੋਡ ਨਹੀਂ ਹੋਵੇਗਾ। ਪ੍ਰਸ਼ਨ ਪੱਤਰ ਸਮੇਂ ਸਿਰ ਡਾਊਨਲੋਡ ਕਰਨ ਦੀ ਸਮੁੱਚੀ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ।
5) ਪ੍ਰਸ਼ਨ ਪੱਤਰ ਡਾਊਨਲੋਡ ਹੋ ਜਾਣ ਉਪਰੰਤ ਕਾਰਜ ਸੰਚਾਲਨ ਸ਼ਾਖਾ ਦੇ ਸਬੰਧਤ ਜਿਲ੍ਹਾ ਡੀਲਿੰਗ ਸੀਨੀ. ਸਹਾਇਕ ਨੂੰ ਇਸ ਬਾਰੇ ਸੂਚਿੱਤ ਕਰਨਾ ਯਕੀਨੀ ਬਣਾਇਆ ਜਾਵੇ **ਪ੍ਰੰਤੂ ਪ੍ਰਸ਼ਨ ਪੱਤਰ Whatapp Group ਵਿੱਚ ਬਿਲਕੁਲ ਨਾ ਸ਼ੇਅਰ ਕੀਤਾ ਜਾਵੇ**। ਪ੍ਰਸ਼ਨ ਪੱਤਰ ਕਿਸੇ ਵੀ ਕਿਸਮ ਦੀ ਸੋਸ਼ਲ ਮੀਡਿਆ ਐਪ ਤੇ ਸ਼ੇਅਰ ਨਾ ਕੀਤੇ ਜਾਣ।
6) ਪ੍ਰਸ਼ਨ ਪੱਤਰਾਂ ਦੀ ਗੁਪਤਤਾ ਬਣਾਈ ਰੱਖਣ ਦੀ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ। ਜੇਕਰ ਇਸ ਕਾਰਜ ਵਿੱਚ ਕੋਈ ਅਣਗਹਿਲੀ ਸਾਹਮਣੇ ਆਉਂਦੀ ਹੈ ਤਾਂ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।
7) ਪ੍ਰਯੋਗੀ ਪਰੀਖਿਆ ਲਈ ਜਾਰੀ ਰਾਸ਼ੀ ਦੇ ਵਰਤੋ ਸਰਟੀਫਿਕੇਟ ਦਾ ਪ੍ਰੋਫਾਰਮਾ ਸਬੰਧਤ ਸਕੂਲ ਦੀ ਲਾਗ ਇੰਨ ਆਈ. ਡੀ. (ਭਾਵ ਸਕੂਲ ਰਜਿਸਟ੍ਰੇਸ਼ਨ ਪੋਰਟਲ) ਤੇ ਅਪਲੋਡ ਕੀਤਾ ਜਾਵੇਗਾ।

21/3/2024
ਸੁਪਰਡੰਟ (ਕਾਰਜ ਸੰਚਾਲਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ